Excel file Attached

2296
26/11/19

2019257348
26/11/19

ਅਤੀ ਜਰੂਰੀ

ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ,ਪੰਜਾਬ, ਐਸ.ਏ.ਐਸ ਨਗਰ
ਪੰਜਵੀ ਮੰਜਿਲ,ਈ-ਬਲਾਕ,ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8,ਐਸ.ਏ.ਐਸ ਨਗਰ।
(ਵਜੀਫਾ ਸਾਖਾ)

ਵੱਲ

ਪੰਜਾਬ ਰਾਜ ਦੇ,
ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)

ਮੀਮੋ ਨੰ. 7/1-2019 ਵਜੀਫਾ(2) | 2019400897
ਮਿਤੀ:- 26-11-19

ਵਿਸ਼ਾ:- ਭਾਰਤ ਸਰਕਾਰ ਘੱਟ ਗਿਣਤੀ ਮੰਤਰਾਲੇ, ਨਵੀਂ ਦਿੱਲੀ ਵੱਲੋਂ ਨੈਸ਼ਨਲ ਸਕਾਲਰਸ਼ਿਪ ਪੋਰਟਲ ਤੇ ਘੱਟ ਗਿਣਤੀ ਵਰਗ ਦੇ ਵਿਦਿਆਰਥੀਆਂ ਲਈ ਚਲਾਈਆਂ ਜਾ ਰਹੀਆਂ ਸਕੀਮਾਂ ਦੇ ਸਬੰਧ ਵਿੱਚ ਦਿੱਤੇ ਗਏ ਨਿਰਦੇਸ਼ਾਂ ਬਾਰੇ।

ਉਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਮਿਤੀ 25-11-19 ਨੂੰ ਡਾਇਰੈਕਟਰ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ ਵਿਖੇ ਸ੍ਰੀ ਵਿਕਾਸ ਪ੍ਰਸ਼ਾਦ ਡਾਇਰੈਕਟਰ ਜੀ ਦੀ ਪ੍ਰਧਾਨਗੀ ਹੇਠ ਮੀਟਿੰਗ ਹੋਈ। ਮੀਟਿੰਗ ਵਿੱਚ ਉਨ੍ਹਾਂ ਵੱਲੋਂ ਵਿਦਿਅਕ ਸੈਸ਼ਨ 2019-20 ਦੌਰਾਨ ਘੱਟ ਵਰਗ ਲਈ ਚਲਾਈਆਂ ਜਾ ਰਹੀਆਂ ਸਕੀਮਾਂ ਸਬੰਧੀ ਨੈਸ਼ਨਲ ਸਕਾਲਰਸ਼ਿਪ ਪੋਰਟਲ ਤੇ ਰਜਿਸਟਰਡ ਨਹੀ ਹੋਈਆਂ ਸੰਸਥਾਵਾਂ ਨੂੰ ਮਿਤੀ 30-11-19 ਤੋਂ ਪਹਿਲਾਂ-ਪਹਿਲਾਂ ਪੋਰਟਲ ਤੇ ਰਜਿਸਟਰਡ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਜਿਹੜੀਆਂ ਸੰਸਥਾਵਾਂ ਦੇ KYC ਫਾਰਮ ਅਪਲਾਈ ਹੋ ਗਏ ਹਨ, ਪ੍ਰੰਤੂ ਕਿਸੇ ਕਾਰਨਾ ਕਰਕੇ ਅਜੇ ਸੰਸਥਾਵਾਂ ਵੱਲੋਂ ਪੋਰਟਲ ਤੇ ਅਪਰੂਵ ਨਹੀ ਕਰਵਾਏ ਗਏ ਹਨ, ਉਨ੍ਹਾਂ ਨੂੰ ਤੁਰੰਤ ਅਪਰੂਵ ਕਰਵਾਇਆ ਜਾਵੇ।

ਇਸ ਲਈ ਆਪ ਨੂੰ ਆਪ ਦੇ ਅਧੀਨ ਆਉਂਦੀਆਂ ਲੰਬਿਤ ਸੰਸਥਾਵਾਂ ਦੀ ਸੂਚੀ ਇਸ ਪੱਤਰ ਨਾਲ ਨੱਥੀ ਕਰਕੇ ਲਿਖਿਆ ਜਾਂਦਾ ਹੈ ਕਿ ਭਾਰਤ ਸਰਕਾਰ ਘੱਟ ਗਿਣਤੀ ਮੰਤਰਾਲੇ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਪੋਰਟਲ ਤੇ ਰਜਿਸਟਰਡ ਨਹੀ ਹੋਈਆਂ ਸੰਸਥਾਵਾਂ ਨੂੰ ਮਿਤੀ 30-11-19 ਤੋਂ ਪਹਿਲਾਂ ਪੋਰਟਲ ਤੇ ਰਜਿਸਟਰ ਕਰਦੇ ਹੋਏ ਘੱਟ ਗਿਣਤੀ ਵਰਗ ਦੇ ਵਿਦਿਆਰਥੀਆਂ ਦੀਆਂ ਦਰਖਾਸਤਾਂ ਨੈਸ਼ਨਲ ਸਕਾਲਰਸ਼ਿਪ ਪੋਰਟਲ ਤੇ ਮਿਤੀ 30-11-19 ਤੱਕ ਆਨਲਾਈਨ ਫਾਰਵਰਡ ਕਰਵਾਉਣਾ ਯਕੀਨੀ ਬਣਾਇਆ ਜਾਵੇ।

ਭਾਰਤ ਸਰਕਾਰ ਘੱਟ ਗਿਣਤੀ ਮੰਤਰਾਲੇ ਦੀ ਸਮਾਂ ਸਾਰਨੀ ਅਨੁਸਾਰ ਸੰਸਥਾਵਾ ਨੂੰ ਰਜਿਸਟਰ ਕਰਨ ਦੀ ਮਿਤੀ ਵਿੱਚ ਵਾਧਾ ਨਹੀ ਕੀਤਾ ਜਾਵੇਗਾ। ਇਸ ਲਈ ਜੇਕਰ ਨਿਰਧਾਰਿਤ ਸਮੇਂ ਵਿੱਚ ਸਕੂਲਾਂ ਦੀ ਰੀ-ਰਜਿਸਟਰੇਸ਼ਨ ਕਾਰਨ ਕੋਈ ਵੀ ਵਿਦਿਆਰਥੀ ਵਜੀਫੇ ਦੇ ਲਾਭ ਤੋਂ ਵਾਂਝਾ ਰਹਿ ਜਾਂਦਾ ਹੈ ਤਾਂ ਇਸ ਦੀ ਨਿਰੋਲ ਨਿੱਜੀ ਜਿੰਮੇਵਾਰੀ ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਦੀ ਹੋਵੇਗੀ।ਵਧੇਰੇ ਜਾਣਕਾਰੀ ਲਈ ਵੈਬਸਾਈਟ www.scholarships.gov.in ਨੂੰ ਨਿਰੰਤਰ ਚੈੱਕ ਕੀਤਾ ਜਾ ਸਕਦਾ ਹੈ।ਜੇਕਰ ਕਿਸੇ ਵੀ ਕਿਸਮ ਦੀ ਕੋਈ ਸਮੱਸਿਆ ਆਉਂਦੀ ਹੈ ਤਾਂ pmsminorityaffairspunjab@gmail.com ਤੇ ਈ-ਮੇਲ ਕੀਤੀ ਜਾਵੇ।

ਇਸ ਤੋਂ ਇਲਾਵਾ ਹਰ ਰੋਜ 2 ਵਜੇ, ਮਿਤੀ 29-11-19 ਤੱਕ ਪੈਡੰਸੀ ਸੰਸਥਾਵਾਂ ਦੀ ਸੂਚਨਾ ਇਸ ਦਫਤਰ ਨੂੰ ਭੇਜੇ ਜਾਣਾ ਨਿਸਚਿਤ ਕੀਤਾ ਜਾਵੇ ਤਾਂ ਜੋ ਪੈਡੰਸੀ ਦੀ ਕੰਸੋਲੀਡੇਟ ਰਿਪੋਰਟ ਡਾਇਰੈਕਟਰ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ, ਪੰਜਾਬ ਨੂੰ ਭੇਜੀ ਜਾ ਸਕੇ।

26/11/19
ਸਹਾਇਕ ਡਾਇਰੈਕਟਰ (ਵਜੀਫਾ)

# ਦਫਤਰ ਜਿਲ੍ਹਾ ਸਿਖਿਆ ਅਫਸਰ (ਸੈ.ਸਿ) ਅੰਮ੍ਰਿਤਸਰ

ਮੀਮੋ ਨੰ: ਜੀ-6/19 – 2019403426 ਮਿਤੀ : 27/11/2018

ਉਪਰੋਕਤ ਪੱਤਰ ਮੂਲ ਰੂਪ ਵਿਚ ਸਬੰਧਤ ਸਰਕਾਰੀ/ਮਾਨਤਾ ਪ੍ਰਾਪਤ/ਏਡਿਡ ਅਤੇ ਪ੍ਰਾਇਵੇਟ ਸਕੂਲ ਮੁਖੀ/ਪ੍ਰਿੰਸੀਪਲ (ਮਿਡਲ / ਹਾਈ / ਸੀਨੀਅਰ ਸੈਕੰਡਰੀ) ਸਕੂਲਾਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਐਨ.ਐਸ.ਪੀ. ਪੋਰਟਲ ਤੇ ਸਕੂਲ ਆਨ ਲਾਈਨ ਰਜਿਸਟਰ ਕਰਕੇ ਰਜਿਸਟਰੇਸ਼ਨ ਫਾਰਮ ਦੀ ਹਾਰਡ ਕਾਪੀ ਆਖਰੀ ਮਿਤੀ **30-11-2019** ਤੱਕ ਹਰ ਹਾਲਤ ਵਿਚ ਜਿਲ੍ਹਾ ਸਿਖਿਆ ਦਫਤਰ(ਸੈ.ਸਿ.) ਅੰਮ੍ਰਿਤਸਰ ਵਿਖੇ ਜਮ੍ਹਾਂ ਕਰਵਾਉਣੀ ਯਕੀਨੀ ਬਣਾਇਆ ਜਾਵੇ । ਬਹੁਤ ਸਾਰੇ ਸਕੂਲਾਂ ਵੱਲੋ ਅਜੇ ਤੱਕ ਆਪਣੇ ਸਕੂਲ ਦੀ **NSP** ਪੋਰਟਲ ਤੇ ਰੀ ਰਜਿਸਟਰੇਸ਼ਨ ਇਸ ਦਫਤਰ ਵੱਲੋ ਬਾਰ-ਬਾਰ ਪੱਤਰ ਰਾਹੀ ਸਖਤ ਹਦਾਇਤਾਂ ਜਾਰੀ ਕਰਨ ਦੇ ਬਾਵਜੂਦ ਵੀ ਨਹੀ ਕਰਵਾਈ ਜਾ ਰਹੀ ।ਜੇਕਰ ਕੋਈ ਲਾਭਪਾਤਰੀ ਸਕੂਲ ਦੀ ਆਈ.ਡੀ. ਵਿਚ ਪੈਡਿੰਗ ਰਹਿਣ ਕਾਰਨ ਜਾਂ ਕਿਸੇ ਹੋਰ ਕਾਰਨ ਵਜੀਫਾ ਲੈਣ ਤੋਂ ਵਾਂਝਾ ਰਹਿ ਜਾਂਦਾ ਹੈ ਜਾਂ ਇਸ ਸਬੰਧੀ ਵਿਭਾਗ ਵੱਲੋ ਰੀ ਰਜਿਸਟਰੇਸ਼ਨ ਅਪਰੂਵ ਨਾ ਕਰਵਾਊਣ ਵਾਲੇ ਸਕੂਲਾਂ ਵਿਰੁੱਧ ਕਿਸੇ ਵੀ ਪੱਧਰ ਦੀ ਕਾਰਵਾਈ ਕੀਤੀ ਜਾਂਦੀ ਹੈ ਤਾਂ ਨਿਕਲਣ ਵਾਲੇ ਸਿੱਟਿਆਂ ਦੀ ਪੂਰਨ ਤੌਰ ਤੇ ਨਿੱਜੀ ਜਿੰਮੇਵਾਰੀ ਸਕੂਲ ਪ੍ਰਿੰਸੀਪਲ ਹੋਵੇਗੀ।

ਜਿਲਾ ਸਿਖਿਆ ਅਫਸਰ(ਸੈ.ਸਿ.)
ਅੰਮ੍ਰਿਤਸਰ ।
27/11/18